# ਮਿਤੀ 08.12.2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ: | ਮੁੱ:ਨੰ: ਮਿਤੀ ਅ/ਧ ਥਾਣਾ | ਮੁੱਦਈ ਦਾ ਨਾਮ, ਪਤਾ ਅਤੇ ਮੋ ਨੰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1. | ਮੁ:ਨੰ: 142 ਮਿਤੀ 08.12.22 ਅ/ਧ 451,427,506,148, 149 IPC ਥਾਣਾ ਸਦਰ ਸੰਗਰੂਰ | ਰਾਮ ਸਿੰਘ ਪੁੱਤਰ ਸ੍ਰ. ਜੀਤ ਸਿੰਘ ਵਾਸੀ ਖੁਰਾਣੀ ਥਾਣਾ ਸਦਰ ਸੰਗਰੂਰ 99883-09282 | ਪੰਜ ਨਾਮਲੂਮ ਵਿਅਕਤੀ | ਮੁਦਈ ਦਾ ਘਰ ਪਿੰਡ ਤੋ ਬਾਹਰ-ਬਾਹਰ ਹੈ। ਮੁਦਈ ਨੇ ਘਰ ਦੇ ਨਾਲ ਹੀ ਪਿਛਲੀ ਸਾਇਡ ਪਿੱਗ ਫਾਰਮ ਪਾਇਆ ਹੋਇਆ ਹੈ ਅਤੇ ਘਰ ਅਗਲੇ ਪਾਸੇ ਬਾਹਰ ਰੋਡ ਪਰ ਮੀਟ ਸਾਪ ਦੀ ਦੁਕਾਨ ਕੀਤੀ ਹੋਈ ਹੈ। ਮਿਤੀ 02.12.2022 ਦੀ ਰਾਤ ਨੂੰ ਮੁਦਈ ਸਮੇਤ ਆਪਣੀ ਪਤਨੀ ਦੇ ਘਰ ਵਿੱਚ ਸੁੱਤੇ ਪਏ ਸੀ। ਘਰ ਦੇ ਸਾਰੇ ਖਿੜਕੀਆਂ ਦਰਵਾਜੇ ਲੱਗੇ ਹੋਏ ਸੀ। ਵਕਤ ਕਰੀਬ 09:40 ਪੀ.ਐਮ. ਪੰਜ ਨਾਮਲੂਮ ਵਿਅਕਤੀ ਜਿਹਨਾ ਕੋਲ ਲੋਹੇ ਦੀਆਂ ਰਾੜਾ ਅਤੇ ਡੰਡੇ ਫੜੇ ਹੋਏ ਸੀ ਅਤੇ ਮੂੰਹ ਕੱਪੜੇ ਨਾਲ ਬੰਨੇ ਹੋਏ ਸੀ, ਬੇਖੌਫ ਹੋ ਕੇ ਘਰ ਦੀ ਚਾਰ ਦੀਵਾਰੀ ਟੱਪ ਕੇ ਘਰ ਅੰਦਰ ਦਾਖਲ ਹੋ ਕੇ ਘਰ ਵਿੱਚ ਲੱਗੀਆਂ ਖਿੜਕੀਆਂ ਦੇ ਸੀਸੇ ਅਤੇ ਜਾਲੀਆਂ ਤੋੜਨ ਲੱਗ ਪਏ। ਅਤੇ ਮੁਦਈ ਰਾਮ ਸਿੰਘ ਅਤੇ ਉਸਦੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ।ਮੁਦਈ ਮੁਕੱਦਮਾ ਰਾਮ ਸਿੰਘ ਹੁਣ ਤੱਕ ਆਪਣੇ ਤੌਰ ਪਰ ਇਸ ਘਟਨਾ ਸਬੰਧੀ ਪੜਤਾਲ ਕਰਦਾ ਰਿਹਾ। ਨਾਮਲੂਮ ਦੋਸੀਆਂ ਦੀ ਭਾਲ ਜਾਰੀ ਹੈ। |
| 2. | ਮੁੱ.ਨੰ. 260 ਮਿਤੀ 08.12.22 ਅ/ਧ 379ਬੀ, IPC ਥਾਣਾ ਭਵਾਨੀਗੜ | ਮੋਨੀਲ ਮਿੱਤਲ ਪੁੱਤਰ ਅਨਿਲ ਮਿੱਤਲ ਵਾਸੀ ਵਾਰਡ ਨੰ 12 ਭਵਾਨੀਗੜ 89685-77700 | ਨਾਮਾਲੂਮ ਵਿਅਕਤੀ | ਮਿਤੀ 17.11.22 ਨੂੰ ਮੈ ਸਮੇਤ ਮੇਰੀ ਘਰਵਾਲੀ ਨੇਹਾ ਗਰਗ ਗਊਸ਼ਾਲਾ ਚੌਕ ਭਵਾਨੀਗੜ ਖੜਾ ਸੀ ਤਾ ਦੋ ਮੋਟਰਸਾਈਕਲ ਸਵਾਰ ਨੌਜਵਾਨ ਪਿਛੇ ਬੈਠੇ ਨੌਜਵਾਨ ਨੇ ਸਾਡੇ ਪਿਛੋ ਦੀ ਮੇਰੀ ਘਰਵਾਲੀ ਦੇ ਗਲ ਵਿਚ ਪਾਈ ਚੈਨੀ ਜਿਸ ਦਾ ਵਜਨ 2 ਤੋਲੇ ਝਪਟ ਮਾਰ ਕੇ ਖੋਹ ਕੇ ਲੈ ਗਿਆ ਅਤੇ ਮੌਕਾ ਤੋ ਭੱਜ ਗਏ ਜਿਸ ਦੀ ਅਸੀ ਹੁਣ ਤੱਕ ਭਾਲ ਕੀਤੀ ਜਿਸ ਬਾਰੇ ਸਾਨੂੰ ਕੁਝ ਪਤਾ ਨਹੀ ਲੱਗਾ ਜਿਸ ਸਬੰਧੀ ਸ;ਥ ਸੁਰਜੀਤ ਸਿੰਘ ਪਾਸ ਬਿਆਨ ਤਹਿਰੀਰ ਕਰਵਾ ਉਕਤ ਮੁਕੱਦਮਾ ਦਰਜ ਰਜਿਸਟਰ ਕਰਵਾਇਆ । |
| 3. | ਮੁੱ.ਨੰ. 261 ਮਿਤੀ 08.12.22 ਅ/ਧ 380, 411 IPC ਥਾਣਾ ਭਵਾਨੀਗੜ | ਸ;ਥ ਮੇਜਰ ਸਿੰਘ 1986/ਸੰਗ ਮੋ: 80547-12986 | 1. ਅਮਰਜੀਤ ਸਿੰਘ ਪੁੱਤਰ ਮਹਾਂ ਸਿੰਘ 2. ਜੀਤੀ ਸਿੰਘ ਪੁੱਤਰ ਬੀਰੀ ਸਿੰਘ ਵਾਸੀਆਨ ਸੰਗਰੇੜੀ | ਅੱਜ ਮਨ ਸ:ਥ ਸਮੇਤ ਸਾਥੀਆ ਦੇ ਸ਼ੱਕੀ ਪੁਰਸ਼ਾਂ ਸਬੰਧੀ ਝਨੇੜੀ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਉਕਤਾਨ ਦੋਸੀਆਨ ਜੋ ਕਣਕ , ਜੀਰੀ ਅਤੇ ਹੋਰ ਸਮਾਨ ਚੋਰੀ ਕਰਨ ਦੇ ਆਦਿ ਹਨ ਜੋ ਅੱਜ ਵੀ ਕਣਕ ਚੋਰੀ ਕਰ ਮੋਟਰਸਾਈਕਲ ਰੇਹੜੀ ਪਰ ਲੋਡ ਕਰਕੇ ਲੈ ਕੇ ਆ ਰਹੇ ਹਨ ਜੇਕਰ ਹੁਣੇ ਰੇਡ ਕੀਤੀ ਜਾਵੇ ਤਾ ਸਮੇਤ ਕਣਕ ਦੇ ਕਾਬੂ ਕੀਤੇ ਜਾ ਸਕਦੇ ਹਨ ਜਿਸ ਪਰ ਮੁਕੱਦਮਾ ਦਰਜ ਰਜਿਸਟਰ ਕਰਵਾਇਆ ਅਤੇ ਦੌਰਾਨੇ ਰੇਡ ਦੋਸ਼ੀਆਨ ਪੁਲਿਸ ਪਾਰਟੀ ਦੇਖ ਭੱਜ ਗਏ ਅਤੇ ਮੌਕਾ ਤੋ ਉਕਤ ਮਾਲ ਮੁਕੱਦਮਾ ਕਬਜਾ ਪੁਲਿਸ ਵਿਚ ਲਿਆ ਗਿਆ। |
| 4. | ਮੁੱ.ਨੰ. 262 ਮਿਤੀ 08.12.22 ਅ/ਧ 323,341, 506, 148, 149 IPC ਥਾਣਾ ਭਵਾਨੀਗੜ | ਜਸਪਾਲ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਭੜੋ ਮੋਬ: 95019-60057 | ਜਗਤਾਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀਆਨ ਭੜੋ ਵਗੈਰਾ | ਬਰਖਿਲਾਫ-1. ਜਗਤਾਰ ਸਿੰਘ 2. ਅਵਤਾਰ ਸਿੰਘ ਪੁੱਤਰਾਨ ਸੁਖਦੇਵ ਸਿੰਘ 3.ਬਘੇਲ ਸਿੰਘ ਪੁੱਤਰ ਕਾਕਾ ਸਿੰਘ 4. ਗੁਰਪ੍ਰੀਤ ਸਿੰਘ 5.ਮਨੀ ਸਿੰਘ ਪੁੱਤਰਾਨ ਬਘੇਲ ਸਿੰਘ 6. ਹਰਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ 7. ਅੰਗਰੇਜ ਸਿੰਘ ਪੁੱਤਰ ਰੋਡਾ ਸਿੰਘ 8.ਸੁਖਦੇਵ ਸਿੰਘ ਪੁੱਤਰ ਕਾਕਾ ਸਿੰਘ 9. ਜਗਤਾਰ ਸਿੰਘ ਤੇ ਅਵਤਾਰ ਸਿੰਘ ਦੀਆਂ ਘਰਵਾਲੀਆਂ ਵਾਸੀਆਨ ਭੜੋ ਦੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ।ਮੁਦਈ ਮਿਤੀ 05.12.22 ਨੂੰ ਵਕਤ ਕਰੀਬ 8.30 ਵਜੇ AM ਆਪਣੇ ਘਰ ਦੇ ਦਰਵਾਜੇ ਅੱਗੇ ਖੜਾ ਸੀ ਤਾਂ ਜਗਤਾਰ ਸਿੰਘ ਨੇ ਟਾਕੂਆ ਲਿਆ |

| | | | | |
|---|---|---|---|---|
| | | | | ਮੇਰੇ ਸਿਰ ਵਿਚ ਅਤੇ ਅਵਤਾਰ ਸਿੰਘ ਨੇ ਡੰਡਾ ਮੇਰੀ ਸੱਜੀ ਵੱਖੀ ਵਿਚ ਮਾਰਿਆ ਅਤੇ ਉਕਤਾਨ ਵਿਅਕਤੀਆਨ ਸਮੇਤ ਮੁਸੱਲਾ ਹਥਿਆਰਾਂ ਸਮੇਤ ਮੈਨੂੰ ਘੇਰ ਕੇ ਮੇਰੇ ਸੱਟਾਂ ਮਾਰੀਆਂ ਤੇ ਰਾਜਪਾਲ ਸਿੰਘ ਪੁੱਤਰ ਭਾਗ ਸਿੰਘ ਮੈਨੂੰ ਛੁਡਾਉਣ ਲੱਗਾ ਤਾ ਉਸ ਦੇ ਟਾਕੂਆ ਦਾ ਅਤੇ ਡੰਡਿਆਂ ਨਾਲ ਵਾਰ ਕਰਕੇ ਸੱਟਾਂ ਮਾਰੀਆਂ ਤੇ ਰੌਲਾ ਪੈਣ ਤੇ ਲੋਕਾਂ ਦਾ ਇਕੱਠ ਦੇਖ ਮੌਕਾ ਤੋ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਮੌਕਾ ਤੋ ਭੱਜ ਗਏ ਤੇ ਮੇਰੇ ਭਰਾ ਨੇ ਗੱਡੀ ਦਾ ਇੰਤਜਾਮ ਸਾਨੂੰ ਹਸਪਤਾਲ ਦਾਖ਼ਲ ਕਰਵਾਇਆ ਜਿਸ ਸਬੰਧੀ ਮੁਕੱਦਮਾ ਦਰਜ ਰਜਿਸਟਰ ਕਰਵਾਇਆ । |
| 5. | ਮੁ:ਨੰ: 138 ਮਿਤੀ 08.12.22 ਅ/ਧ 61/67-1-14 EX ACT ਥਾਣਾ ਸਿਟੀ ਧੂਰੀ | ਸ਼:ਥ: ਕਰਮਜੀਤ ਸਿੰਘ 1197/ਸੰਗ: ਥਾਣਾ ਸਿਟੀ ਧੂਰੀ 80545-45392 | ਕਰਮਜੀਤ ਕੋਰ ਪਤਨੀ ਭੁਪਿੰਦਰ ਸਿੰਘ ਉਰਫ ਕਾਕਾ ਵਾਸੀ ਮਾਲੇਰਕੋਟਲਾ ਬਾਈਪਾਸ ਧੂਰੀ | ਸ:ਥ: ਕਰਮਜੀਤ ਸਿੰਘ 1197/ਸੰਗ: ਸਮੇਤ ਪੁਲਿਸ ਪਾਰਟੀ ਦੇ ਗਸਤ ਪਰ ਸੀ ਤਾ ਮੁਖਬਰੀ ਮਿਲੀ ਕਿ ਭੁਪਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਮਾਲੇਰਕੋਟਲਾ ਬਾਈਪਾਸ ਧੂਰੀ ਜੋ ਆਪਣੀ ਪਤਨੀ ਕਰਮਜੀਤ ਕੋਰ ਪਤਨੀ ਭੁਪਿੰਦਰ ਸਿੰਘ ਵਾਸੀ ਮਾਲੇਰਕੋਟਲਾ ਬਾਈਪਾਸ ਤੋ ਸ਼ਰਾਬ ਵਿਕਾਉਦਾ ਹੈ ਜਿਸ ਪਰ ਸ:ਥ: ਕਰਮਜੀਤ ਸਿੰਘ 1197/ਸੰਗ: ਨੇ ਥਾਣੇ ਰੁਕਾ ਭੇਜ ਕੇ ਮੁਕੱਦਮਾ ਦਰਜ ਰਜਿਸਟਰ ਕਰਵਾਇਆ ਅਤੇ ਕਰਮਜੀਤ ਕੋਰ ਨੂੰ ਸਮੇਤ 11 ਬੋਤਲਾ ਸ਼ਰਾਬ ਠੇਕਾ ਦੇਸੀ ਬਿਨਾ ਲੇਬਲ ਦੇ ਹਸਬ ਜਾਬਤਾ ਅਨੁਸਾਰ ਗਿਰਫਤਾਰ ਕਰਕੇ ਜੁਰਮ ਜਮਨਾਤ ਯੋਗ ਹੋਣ ਕਰਕੇ ਮੋਕਾ ।ਪਰ ਬਰ ਜਮਾਨਾਤ ਰਿਹਾਅ ਕੀਤਾ ਗਿਆ । |